a2zpapers.com

**Exam. Code : 216501**
**Subject Code : 8195**

## M.A. Punjabi 1st Semester (Old Syllabus 2017)

## MADHKALIN PUNJABI VARTAK

### Paper–V

Time Allowed—3 Hours] [Maximum Marks—80

**ਨੋਟ :** ੳ, ਅ, ੲ ਅਤੇ ਸ ਚਾਰੇ ਭਾਗਾਂ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਜ਼ਰੂਰੀ ਹੈ। ਹਰੇਕ ਪ੍ਰਸ਼ਨ ਦਾ ਉੱਤਰ **ਛੇ/ਸੱਤ** ਪੰਨਿਆਂ ਵਿੱਚ ਦਿੱਤਾ ਜਾਵੇਗਾ ਅਤੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. ਮੱਧਕਾਲੀਨ ਪੰਜਾਬੀ ਵਾਰਤਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2. ਮੱਧਕਾਲੀਨ ਪੰਜਾਬੀ ਵਾਰਤਕ ਦਾ ਇਤਿਹਾਸਕ ਵਿਕਾਸ ਦੱਸੋ।

### ਭਾਗ—ਅ

3. ਜਨਮਸਾਖੀ ਪਰੰਪਰਾ ਵਿੱਚ 'ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ' ਦਾ ਸਥਾਨ ਨਿਸ਼ਚਿਤ ਕਰੋ।

4. ਜਨਮਸਾਖੀ ਦੇ ਰੂਪ ਵਿਧਾਨ ਦਾ ਸਾਹਿਤਕ ਵਿਸ਼ਲੇਸ਼ਣ ਕਰੋ।

### ਭਾਗ—ੲ

5. ਮੁੱਢਲੀ ਪੰਜਾਬੀ ਵਾਰਤਕ ਦੇ ਕਿਸੇ ਦੋ ਰੂਪਾਂ ਬਾਰੇ ਵਿਸਥਾਰਪੂਰਵਕ ਚਰਚਾ ਕਰੋ।

6. 'ਮੁੱਢਲੀ ਪੰਜਾਬੀ ਵਾਰਤਕ' ਪੁਸਤਕ ਦੇ ਆਧਾਰ 'ਤੇ 'ਗੋਸ਼ਟਿ' ਵਾਰਤਕ ਰੂਪ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਚਰਚਾ ਕਰੋ।



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

## ਭਾਗ—ਸ

7. ਹੇਠ ਲਿਖੇ ਵਾਰਤਕ ਟੋਟਿਆਂ ਵਿੱਚੋਂ ਕਿਸੇ **ਇੱਕ** ਦਾ ਵਿਹਾਰਕ ਅਧਿਐਨ ਕਰੋ :

(ੳ) ਭਾਈ ਲਾਲੋ ਸੰਸਾਰ ਕੰਨੋ ਕਰਤਾਰ ਹੀ ਰਖੇ ਤਾਂ ਰਹੀਏ। ਹੁਣ ਅਸਾਨੂੰ ਵਿਦਿਆ ਦੇਹੁ। ਫਿਰ ਲਾਲੋ ਆਖਿਆ ਜੀ ਤੁਸੀਂ ਆਏ ਹੋ ਤਾਂ ਕੁਛ ਦਿਨ ਰਹੋ। ਗੁਜਰਾਨ ਕਰੋ। ਤਾਂ ਗੁਰੂ ਨਾਨਕ ਕਹਿਆ ਭਾਈ ਲਾਲੋ ਤੇਰਾ ਹੋੜਾ ਨਾਹੀ। ਪਰ ਅਸਾਥੋਂ ਸੰਸਾਰ ਦੁਖੇਗਾ। ਇਹ ਗਲ ਅਸੀਂ ਜਾਣਦੇ ਹਾਂ। ਅਤੇ ਮਰਦਾਨੇ ਦਾ ਮਨ ਭੀ ਉਦਾਸ ਹੋਇਆ ਹੈ। ਫਿਰ ਲਾਲੋ ਆਖਿਆ ਜੀ ਤੁਸੀਂ ਇਕ ਮਹੀਨਾ ਤਾਂ ਰਹੋ। ਜਿਉ ਕਿਉ ਟਿਕੋ। ਗੁਰੂ ਨਾਨਕ ਆਖਿਆ ਮਰਦਾਨਿਆ ਲਾਲੋ ਦਾ ਆਖਿਆ ਭੀ ਮੰਨੀਏ। ਮਰਦਾਨੇ ਆਖਿਆ ਜੀ ਭਲਾ ਹੋਵੈ। ਲਾਲੋ ਪਾਸ ਗੁਰੂ ਨਾਨਕ ਟਿਕਿਆ। ਨਿਸ ਦਿਨ ਹਰਿ ਚਰਚਾ ਕਰਦੇ ਰਹਿਨ। ਦੋ ਦਿਨ ਗੁਜਰੇ ਤਾਂ ਮਰਦਾਨੇ ਆਖਿਆ ਜੀ ਤੁਸੀਂ ਤਾਂ ਮਹੀਨਾ ਇਕ ਟਿਕੇ ਹੋ ਮੈਨੂ ਹੁਕਮੁ ਹੋਇ ਤਾਂ ਮੈਂ ਤਿਲਵੰਡੀਅਹੁ ਫਿਰ ਆਵਾ। ਗੁਰੂ ਨਾਨਕ ਕਹਿਆ ਮਰਦਾਨਿਆ ਤੈਨੂੰ ਅਸਾਡੇ ਪਾਸ ਰਹਿਣਾ ਹੈ ਤੂੰ ਕਿਥੇ ਜਾਂਦਾ ਹੈ। ਮਰਦਾਨੇ ਆਖਿਆ ਜੀ ਮੈਂ ਥੋੜੇ ਦਿਨਾਂ ਵਿਚਿ ਫਿਰ ਆਵਾਂਗਾ। ਗੁਰੂ ਨਾਨਕ ਕਹਿਆ ਜਾਹਿ ਮਰਦਾਨਿਆ। ਪਰ ਝਬ ਆਵੀਂ। ਗੁਰੂ ਨਾਨਕ ਤੋਂ ਵਿਦਾ ਲੈ ਕਰ ਤਿਲਵੰਡੀ ਗਇਆ। ਗੁਰੂ ਨਾਨਕ ਦਿਨ ਜੰਗਲ ਵਿਚ ਕਟੇ ਅਤੇ ਜੰਗਲ ਵਿਚ ਫਿਰੇ ਅਤੇ ਰਾਤ ਲਾਲੋ ਕੋਲ ਆਏ ਰਹੇ।੨੪। ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।

**ਜਾਂ**



www.a2zpapers.com www.a2zpapers.com
ad free old Question papers gndu, ptu hp board, punjab

a2zpapers.com

(ਅ) ਸੰਮਤ ੧੫੪੩॥ ਮਿਤੀ ਮਾਘ ਸੁਦੀ ਤੀਜ ਗੁਰੂ ਨਾਨਕ ਜੇ ਰਾਮ ਪਾਸ ਗਿਆ। ਸੁਲਤਾਨ ਪੁਰ ਪੰਜਵੇ ਦਿਨ ਗਇਆ। ਸਤਵੀ ਨੂੰ ਜਾਇ ਪਹੁਤਾ। ਅਗੇ ਨਾਨਕੀ ਭੈਣ ਪੈਰਾਂ ਤੇ ਢਹਿ ਪਈ। ਤਾਂ ਨਾਨਕ ਕਹਿਆ ਬੇਬੇ ਜੀ ਤੂੰ ਵਡੀ ਹੈਂ ਮੈਂ ਤੇਰੇ ਪੈਰਾਂ ਤੇ ਪਵਾਂਗਾ ਤੂੰ ਪਵੈ ਤਾਂ ਨਾਨਕੀ ਆਖਿਆ ਭਾਈ ਜੀ ਤੂ ਸਚ ਆਖਦਾ ਹੈ ਪਰ ਜੇ ਤੂ ਆਦਮੀ ਹੋਵੇ ਨਾ। ਤੂੰ ਤਾਂ ਪਰਮੇਸਰ ਦਿਸ ਆਂਵਦਾ ਹੈ। ਅਤੇ ਜੈ ਰਾਮ ਘਰ ਨਾ ਆਹਾ। ਜੈ ਰਾਮ ਘਰਿ ਆਇਆ ਤਾਂ ਦੇਖੇ ਤਾਂ ਅਗੇ ਨਾਨਕ ਬੈਠਾ ਹੈ। ਤਾਂ ਨਾਨਕ ਡਿਠਾ। ਜੈ ਰਾਮ ਜੀਜਾ ਆਇਆ ਹੈ। ਨਾਨਕ ਉਠਕੇ ਉਸਦੇ ਪੈਰਾਂ ਨੂੰ ਦਉੜਿਆ। ਜੈ ਰਾਮ ਮਹਾਂ ਸਿਆਣਾ ਸੀ। ਜੈ ਰਾਮ ਨਾਨਕ ਦੇ ਹਥ ਪਕੜ ਲੀਤੇ ਪੈਰਾਂ ਉਤੇ ਲਾਵਣ ਨ ਦਿਤੇ। ਅਤੇ ਆਪ ਨਾਨਕ ਦਿਆਂ ਪੈਰਾਂ ਤੇ ਹਥ ਰਖਿਆ। ਤਾਂ ਨਾਨਕ ਕਹਿਾ ਜੀਜਾ ਜੀ ਇਹ ਅਪੁਠੀ ਰੀਤ ਕਿਉ ਕੀਤੀਆ। ਜੈ ਰਾਮ ਕਹਿਆ ਨਾਨਕ ਜੀ ਤੂ ਜਾਣਦਾ ਹੈਂ ਸਾਕ ਸਾਲੇ ਤੇ ਜੀਜੇ ਦਾ। ਮੈ ਤੈਨੂੰ ਪਰਮੇਸਰ ਜਾਣਦਾ ਹਾਂ। ਮੇਰੇ ਭਾਗ ਹੋਇ ਤੂੰ ਇਥੇ ਆਇ ਪਹੁੰਚਿਆ ਹੈ। ਤੂੰ ਕਰਿ ਕਿਛੁ ਨਾਹੀ ਸਹਿਜ ਨਾਲ ਬੈਠਾ ਰਹੁ। ਗੁਜਰਾਨ ਕਰੁ। ਤਾਂ ਨਾਨਕ ਕਹਿਆ ਜੀਜਾ ਜੀ ਕਿਛੁ ਕਿਰਤ ਹੋਵੇ ਤਾਂ ਭਲੀ ਹੈ। ਤਾਂ ਜੈ ਰਾਮ ਕਹਿਆ ਭਲਾ ਜੀ ਜੇ ਤੁਹਾਡੇ ਜੀ ਆਈ ਹੈ ਤਾਂ ਬਹੁਤੁ ਭਲੀ ਹੈ। ਤਾਂ ਨਾਨਕ ਕਹਿਆ ਮੈ ਹਿੰਦਗੀ ਪੜਿਆ ਹਾਂ। ਜੈ ਰਾਮ ਕਹਿਆ ਭਲਾ ਭਾਈ ਜੀ ਮੋਦੀ ਖਾਨਾ ਲੈਂਦੇ ਹੋ। ਤਾਂ ਨਾਨਕ ਕਹਿਆ ਮੋਦੀ ਖਾਨਾ ਕਿਸਦਾ ਹੈ। ਜੈ ਰਾਮ ਕਹਿਆ ਮੋਦੀਖਾਨਾ ਨਵਾਬ ਦਉਲਤ ਖਾਨ ਲੋਦੀ ਦਾ ਹੈ। ਉਸਦਾ ਵਡਾ ਮੋਦੀ ਖਾਨਾ ਹੈ। ਜੋ ਹੋਇ ਆਵੇ ਤਾਂ ਲਈਏ। ਤਾਂ ਨਾਨਕ ਕਹਿਆ ਜੀਜਾ ਜੀ ਕਰਤਾਰ ਨਿਬਾਹ ਕਰੇਗਾ। $4 \times 15 = 60$



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਭਾਗ—ਹ

**ਨੋਟ :** ਇਸ ਭਾਗ ਦੇ **ਸਾਰੇ** ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਦੇ ਉੱਤਰ **ਪੰਜਾਹ (50)** ਸ਼ਬਦਾਂ ਤੋ ਵੱਧ ਨਾ ਹੋਣ।

8. (i) ਮਸਲੇ ਅਤੇ ਸੁਖਨ ਵਿੱਚ ਅੰਤਰ ਦੱਸੋ।

(ii) ਮੱਧਕਾਲੀਨ ਪੰਜਾਬੀ ਵਾਰਤਕ ਦੀਆਂ ਕੋਈ ਦੋ ਭਾਸ਼ਾਈ ਵਿਸ਼ੇਸ਼ਤਾਵਾਂ ਦੱਸੋ।

(iii) 'ਪਰਚੀਆਂ' ਵਾਰਤਕ ਰੂਪ ਦੀ ਪਰਿਭਾਸ਼ਾ ਦਿਉ।

(iv) 'ਟੀਕਾ' ਵਾਰਤਕ ਰੂਪ ਬਾਰੇ ਸੰਖੇਪ ਵਿੱਚ ਦੱਸੋ।

(v) 'ਹੁਕਮਨਾਮੇ' ਅਤੇ 'ਰਹਿਤਨਾਮੇ' ਵਿੱਚ ਅੰਤਰ ਸਪੱਸ਼ਟ ਕਰੋ।

(vi) 'ਪਾਰਸਭਾਗ' ਰਚਨਾ ਕਿਸ ਬਾਰੇ ਹੈ ?

(vii) ਜਨਮਸਾਖੀ ਅਤੇ ਸਾਖੀ ਵਿੱਚ ਨਿਖੇੜਾ ਕਰੋ।

(viii) ਜ਼ਫ਼ਰਨਾਮੇ ਦਾ ਮੂਲ ਉਦੇਸ਼ ਕੀ ਹੈ ?

(ix) 'ਪਰਮਾਰਥ' ਦਾ ਕੀ ਅਰਥ ਹੈ ?

(x) ਸਭ ਤੋਂ ਵੱਧ ਹੁਕਮਨਾਮੇ ਕਿਸ ਗੁਰੂ ਸਾਹਿਬ ਦੁਆਰਾ ਜਾਰੀ ਕੀਤੇ ਗਏ ? 10×2=20



www.a2zpapers.com www.a2zpapers.com
ad free old Question papers gndu, ptu hp board, punjab